# ਪ੍ਰੈਸ ਨੋਟ

## ਸੀ.ਆਈ.ਏ ਸਟਾਫ ਜਗਰਾਂਓ ਵਲੋਂ 180 ਕਿਲੋ ਭੁੱਕੀ ਚੂਰਾ ਪੋਸਤ ਬ੍ਰਾਮਦ

ਸ਼੍ਰੀ ਦੀਪਕ ਹਿਲੋਰੀ, IPS ਐਸ.ਐਸ.ਪੀ. ਲੁਧਿਆਣਾ (ਦਿਹਾਤੀ) ਜੀ ਦੇ ਹੁਕਮਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਕਰਨ ਵਾਲੇ ਵਿਅਕਤੀਆਂ ਵਿਰੁੱਧ ਸਖਤ ਕਾਰਵਾਈ ਹਿੱਤ ਚਲਾਈ ਮੁਹਿੰਮ ਵਿੱਚ ਉਸ ਸਮੇਂ ਸਫਲਤਾ ਮਿਲੀ, ਜਦੋਂ ਸ਼੍ਰੀ ਗੁਰਦੀਪ ਸਿੰਘ PPS ਐਸ.ਪੀ.(ਡੀ) ਜਗਰਾਂਉ ਜੀ ਦੀਆਂ ਹਦਾਇਤਾਂ ਅਨੁਸਾਰ ਸ਼੍ਰੀ ਅਨਿਲ ਕੁਮਾਰ ਭਨੋਟ PPS ਡੀ.ਐਸ.ਪੀ.(ਡੀ) ਜਗਰਾਂਉ ਦੀ ਨਿਗਰਾਨੀ ਹੇਠ ਇੰਸਪੈਕਟਰ ਦਲਬੀਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਜਗਰਾਉਂ ਜਿਲਾ ਲੁਧਿਆਣਾ (ਦਿਹਾਤੀ) ਦੀ ਪੁਲੀਸ ਪਾਰਟੀ ਦੇ ਐਸ.ਆਈ. ਗੁਰਸੇਵਕ ਸਿੰਘ ਦੀ ਟੀਮ ਪਾਸ ਇਤਲਾਹ ਸੀ ਕਿ ਕੁਲਵਿੰਦਰ ਸਿੰਘ ਉਰਫ ਕਿੰਦਰ ਸਿੰਘ ਪੁੱਤਰ ਕਾਲਾ ਸਿੰਘ ਵਾਸੀ ਬਹਾਦਰਕੇ ਥਾਣਾ ਸਿੱਧਵਾਂ ਬੇਟ, ਜਿਲ੍ਹਾ ਲੁਧਿਆਣਾ ਅਤੇ ਕਨਵਰਪਾਲ ਸਿੰਘ ਪੁੱਤਰ ਉਰਫ ਕਾਕਾ ਸਿੰਘ ਵਾਸੀ ਚੱਕ ਭਾਬੜਾ ਥਾਣਾ ਘੁਬਾਇਆ, ਜਿਲ੍ਹਾ ਫਾਜਲਿਕਾ ਵੱਡੀ ਪੱਧਰ ਤੇ ਭੁੱਕੀ ਚੂਰਾ ਪੋਸਤ ਵੇਚਣ ਦਾ ਕੰਮ ਕਰਦੇ ਹਨ ਜਿਸਤੇ ਐਸ.ਆਈ ਗੁਰਸੇਵਕ ਸਿੰਘ ਨੇ ਮੁਕੱਦਮਾ ਨੰਬਰ 97 ਮਿਤੀ 05.05.2022 ਅ/ਧ 15/61/85 NDPS ACT PS ਥਾਣਾ ਸਿੱਧਵਾਂ ਬੇਟ ਦਰਜ ਕਰਵਾਇਆ। ਜਾਬਤੇ ਅਨੁਸਾਰ ਮੁਕੱਦਮੇ ਦੀ ਤਫਤੀਸ ਦੌਰਾਨ ਐਸ.ਆਈ ਜਸਵਿੰਦਰ ਸਿੰਘ CIA ਸਟਾਫ ਜਗਰਾਉਂ ਨੇ ਸਮੇਤ ਪੁਲਿਸ ਪਾਰਟੀ ਦੇ ਦੋਰਾਨੇ ਰੇਡ ਦੋਸ਼ੀ ਕਨਵਰਪਾਲ ਸਿੰਘ ਉਰਫ ਕਾਕਾ ਉਕਤ ਨੂੰ ਮੌਕਾ ਤੋਂ ਗ੍ਰਿਫਤਾਰ ਕਰਕੇ ਇਸ ਪਾਸੋਂ 60 ਕਿੱਲੋ ਭੁੱਕੀ ਚੂਰਾ ਪੋਸਤ ਬਰਾਮਦ ਕੀਤੀ। ਜਦਕਿ ਦੋਸ਼ੀ ਕੁਲਵਿੰਦਰ ਸਿੰਘ ਉਰਫ ਕਿੰਦਰ ਸਿੰਘ ਪੁੱਤਰ ਕਾਲਾ ਸਿੰਘ ਵਾਸੀ ਬਹਾਦਰਕੇ ਥਾਣਾ ਸਿੱਧਵਾ ਬੇਟ ਜਿਲ੍ਹਾ ਲੁਧਿਆਣਾ ਜੋ ਪਹਿਲਾਂ ਹੀ ਘਰੋਂ ਗਿਆ ਹੋਇਆ ਸੀ  ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ। ਅੱਗੇ ਤਫਤੀਸ਼ ਦੌਰਾਨ ਗ੍ਰਿਫਤਾਰ ਦੋਸ਼ੀ ਕਨਵਰਪਾਲ ਸਿੰਘ ਉਰਫ ਕਾਕਾ ਉਕਤ ਪਾਸੋਂ ਜਦੋਂ ਸਖਤੀ ਨਾਲ ਪੁਛਗਿੱਛ ਕੀਤੀ ਗਈ ਤਾਂ ਉਸਨੇ ਦੱਸਿਆ ਕਿ 6 ਬੋਰੀਆਂ ਭੁੱਕੀ ਚੂਰਾ ਪੋਸਤ ਉਹਨਾਂ ਦੇ ਸਾਥੀ ਗੁਰਦੇਵ ਸਿੰਘ ਪੁੱਤਰ ਕਿਸ਼ਨ ਸਿੰਘ ਵਾਸੀ ਬਹਾਦਰਕੇ ਥਾਣਾ ਸਿੱਧਵਾ ਬੇਟ ਜਿਲ੍ਹਾ ਲੁਧਿਆਣਾ ਪਾਸ ਹੈ। ਜਿਸਤੇ ਤਫਤੀਸ਼ ਦੌਰਾਨ ਗੁਰਦੇਵ ਸਿੰਘ ਉਕਤ ਨੂੰ ਮੁਕੱਦਮਾ ਵਿੱਚ ਨਾਮਜਦ ਕਰਕੇ ਗ੍ਰਿਫਤਾਰ ਕਰਕੇ ਟ੍ਰੈਕਟਰ ਟਰਾਲੀ ਸਮੇਤ 01 ਕੁਇੰਟਲ 20 ਕਿੱਲੋ ਭੁੱਕੀ ਚੂਰਾ ਪੋਸਤ ਦੇ ਕਾਬੂ ਕੀਤਾ ਗਿਆ ਹੈ। ਦੋਸ਼ੀਆ ਦੀ ਪੁਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਦੋਸ਼ੀ ਕਨਵਰਪਾਲ ਸਿੰਘ ਉਕਤ ਪਰ ਭੁੱਕੀ ਚੂਰਾ ਪੋਸਤ ਵੇਚਣ ਦਾ ਇੱਕ ਮੁਕੱਦਮਾ ਅਤੇ ਮੌਕੇ ਤੋਂ ਫਰਾਰ ਦੋਸ਼ੀ ਕੁਲਵਿੰਦਰ ਸਿੰਘ ਉਰਫ ਕਿੰਦਰ ਪਰ ਭੁੱਕੀ ਚੂਰਾ ਪੋਸਤ ਦੀ ਸਮੱਗਲਿੰਗ ਕਰਨ ਦੇ 02 ਮੁਕੱਦਮੇ ਥਾਣਾ ਸਦਰ ਜਗਰਾਂਉ ਵਿਖੇ ਦਰਜ ਹਨ। ਜਿਹਨਾ ਵਿੱਚੋਂ ਇੱਕ ਕੇਸ ਵਿੱਚ ਦੋਸ਼ੀ ਕੁਲਵਿੰਦਰ ਸਿੰਘ ਉਕਤ ਨੂੰ 10 ਸਾਲ ਦੀ ਸਜਾ ਅਤੇ 01 ਲੱਖ ਰੁਪਏ ਜੁਰਮਾਨਾ ਹੋਇਆ ਸੀ ਅਤੇ ਇਹ 08 ਹਫਤੇ ਦੀ ਪੈਰੋਲ ਪਰ ਛੁੱਟੀ ਕੱਟ ਕੇ ਵਾਪਿਸ ਨਾ ਜਾਣ ਕਰਕੇ ਭਗੋੜਾ ਚੱਲ ਰਿਹਾ ਹੈ। ਦੋਸ਼ੀਆਨ ਉਕਤਾਨ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲੀਸ ਰਿਮਾਂਡ ਹਾਸਿਲ ਕਰਕੇ ਅੱਗੇ ਤਫਤੀਸ਼ ਕੀਤੀ ਜਾਵੇਗੀ।

ਮੁਕੱਦਮਾ ਨੰਬਰ 97 ਮਿਤੀ 05.05.2022 ਅ/ਧ 15/61/85 NDPS ACT PS ਥਾਣਾ ਸਿੱਧਵਾ ਜਗਰਾਂਉ

ਦੋਸ਼ੀ ਦਾ ਨਾਮ:-1. ਕੁਲਵਿੰਦਰ ਸਿੰਘ ਉਰਫ ਕਿੰਦਰ ਸਿੰਘ ਪੁੱਤਰ ਕਾਲਾ ਸਿੰਘ ਵਾਸੀ ਬਹਾਦਰਕੇ ਥਾਣਾ ਸਿੱਧਵਾ ਬੇਟ ਜਿਲ੍ਹਾ ਲੁਧਿਆਣਾ (ਗ੍ਰਿਫ: ਬਾਕੀ)

2. ਕਨਵਰਪਾਲ ਸਿੰਘ ਪੁੱਤਰ ਉਰਫ ਕਾਕਾ ਸਿੰਘ ਵਾਸੀ ਚੱਕ ਭਾਬੜਾ ਥਾਣਾ ਘੁਬਾਇਆ ਜਿਲ੍ਹਾ ਫਾਜਲਿਕਾ। (ਗ੍ਰਿਫ: ਮਿਤੀ 05.05.2022 )

3. ਗੁਰਦੇਵ ਸਿੰਘ ਪੁੱਤਰ ਕਿਸਨ ਸਿੰਘ ਵਾਸੀ ਬਹਾਦਰਕੇ ਥਾਣਾ ਸਿੱਧਵਾ ਬੇਟ ਜਿਲ੍ਹਾ ਲੁਧਿਆਣਾ (ਗ੍ਰਿ ਮਿਤੀ 06.05.2022 )

ਬ੍ਰਾਮਦਗੀ:- 1. 01 ਕੁਅਇੰਟਲ 80 ਕਿੱਲੋ ਭੁੱਕੀ ਚੂਰਾ ਪੋਸਤ

2. ਸਵਰਾਜ ਟ੍ਰੈਕਟਰ ਸਮੇਤ ਟਰਾਲੀ  ਰੰਗ ਲਾਲ ਬਿਨਾ ਨੰਬਰੀ ।